# ਕੀ ਤੁਸੀਂ ਕੁਝ ਗਰੌਸਰੀ ਜਾਂ ਦਵਾਈਆਂ ਚੁੱਕ ਕੇ ਲਿਆ ਸਕਦੇ ਹੋ?

**ਜੇ ਤੁਸੀਂ ਕਿਸੇ ਅਜਿਹੇ ਸੀਨੀਅਰ ਦੀ ਮਦਦ ਕਰਨਾ ਚਾਹੁੰਦੇ ਹੋਵੋ ਜੋ ਕਿ ਕੋਵਿਡ-19 ਕਰਕੇ ਆਪਣੇ ਆਪ ਨੂੰ ਅਲੱਗ ਰੱਖ ਰਿਹਾ ਹੈ ਤਾਂ ਅੱਜ ਹੀ 2-1-1 ਨੂੰ ਫੋਨ ਕਰੋ ਜਾਂ www.bc211.ca ’ਤੇ ਜਾਉ।**

ਤੁਹਾਨੂੰ ਕਿਸੇ ਅਜਿਹੇ ਸੀਨੀਅਰ ਨਾਲ ਜੋੜਿਆ ਜਾਵੇਗਾ ਜਿਸ ਨੂੰ ਇਨ੍ਹਾਂ ਵਿਚ ਮਦਦ ਦੀ ਲੋੜ ਹੈ:

- ਫੋਨ ’ਤੇ ਅਤੇ/ਜਾਂ ਵਰਚੂਅਲ ਚੈੱਕ-ਇਨ ਕਰਨਾ
- ਗਰੌਸਰੀ ਖਰੀਦਣਾ ਅਤੇ ਪਹੁੰਚਾਉਣਾ
- ਖਾਣੇ ਤਿਆਰ ਕਰਨਾ ਅਤੇ ਪਹੁੰਚਾਉਣਾ
- ਦਵਾਈ ਚੁੱਕਣਾ ਅਤੇ ਦੇ ਕੇ ਜਾਣਾ

ਸੇਫ ਸੀਨੀਅਰਜ਼, ਸਟਰੌਂਗ ਕਮਿਉਨਟੀਜ਼ ਨਾਂ ਦਾ ਪ੍ਰੋਗਰਾਮ ਯੂਨਾਈਟਡ ਵੇਅਜ਼ ਦੇ ਬੈਟਰ ਐਟ ਹੋਮ ਪ੍ਰੋਗਰਾਮ, ਬੀ ਸੀ 211 ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚਕਾਰ ਇਕ ਨਵੀਂ ਭਾਈਵਾਲੀ ਹੈ ਜਿਸ ਦਾ ਮਕਸਦ ਇਹ ਪੱਕਾ ਕਰਨਾ ਹੈ ਕਿ ਸੀਨੀਅਰਾਂ ਕੋਲ ਘਰ ਵਿਚ ਉਹ ਜ਼ਰੂਰੀ ਗੈਰ-ਮੈਡੀਕਲ ਮਦਦਾਂ ਹਨ ਜਿਨ੍ਹਾਂ ਦੀ ਉਨ੍ਹਾਂ ਨੂੰ ਕੋਵਿਡ-19 ਦੀ ਮਹਾਂਮਾਰੀ ਦੌਰਾਨ ਲੋੜ ਹੈ।

ਵਾਲੰਟੀਅਰਾਂ ਨੂੰ ਬ੍ਰਿਟਿਸ਼ ਕੋਲੰਬੀਆ ਸਰਕਾਰ ਦੀਆਂ ਤਾਜ਼ਾ ਗਾਈਡਲਾਈਨਾਂ ਮੁਤਾਬਕ ਚੈੱਕ ਕੀਤਾ ਜਾਂਦਾ ਅਤੇ ਘੋਖਿਆ ਜਾਂਦਾ ਹੈ।

## ਬੀਮਾਰ ਮਹਿਸੂਸ ਕਰਦੇ ਹੋ?

ਬੀ.ਸੀ. ਵਿਚ ਮੁਫਤ **8-1-1** ਨੂੰ **ਫੋਨ** ਕਰੋ, ਜਾਂ ਬੋਲੇ ਅਤੇ ਉੱਚਾ ਸੁਣਨ ਵਾਲਿਆਂ ਲਈ ਫੋਨ ਨੰਬਰ **7-1-1** ਹੈ।

## ਇਹ ਪੱਕਾ ਕਰਨ ਲਈ ਹਰ ਸਾਵਧਾਨੀ ਵਰਤੋ ਕਿ ਤੁਸੀਂ ਸੁਰੱਖਿਅਤ ਰਹਿ ਰਹੇ ਹੋ।

ਸਰੀਰਕ ਸੰਪਰਕ ਤੋਂ ਪਰਹੇਜ਼ ਕਰੋ *(2 ਮੀਟਰ ਦਾ ਫਾਸਲਾ)*
ਆਪਣੇ ਹੱਥ ਨੇਮ ਨਾਲ ਧੋਵੋ।

## ਕਿਸੇ ਸੀਨੀਅਰ ਨੂੰ ਜਾਣਦੇ ਹੋ ਜਿਸ ਨੂੰ ਮਦਦ ਦੀ ਲੋੜ ਹੈ?

ਇਹ ਮੁਫਤ ਸਰਵਿਸ 65 ਸਾਲ ਤੋਂ ਜ਼ਿਆਦਾ ਉਮਰ ਦੇ ਕਿਸੇ ਵੀ ਵਿਅਕਤੀ ਲਈ ਉਪਲਬਧ ਹੈ।
ਰਜਿਸਟਰ ਹੋਣ ਲਈ ਉਨ੍ਹਾਂ ਨੂੰ ਸਿਰਫ **2-1-1** ਨੂੰ ਫੋਨ ਕਰਨ ਜਾਂ **www.bc211.ca** ’ਤੇ ਜਾਣ ਦੀ ਲੋੜ ਹੈ।

---

**ਸੁਰੱਖਿਅਤ ਸੀਨੀਅਰ, ਮਜ਼ਬੂਤ ਭਾਈਚਾਰੇ ਵਿਚ ਭਾਈਵਾਲ**

OFFICE OF THE SENIORS ADVOCATE
seniorsadvocatebc.ca

BRITISH COLUMBIA

bc211
A United Way Partnership
bc211.ca

Better at Home
United Way helping seniors remain independent.

United Way

6223–0420
[Punjabi] 1760